ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040126
Available online at: www.armaan.org.in
DOI: https://doi.org/10.64119/armaan.vol.4.issue1.26

# ਜੰਡ: ਪ੍ਰਕ੍ਰਿਤਕ ਤੇ ਲੋਕਧਾਰਾਈ ਮਹੱਤਵ
# Jand: Parkirtak ate Lokdharayee Mahatav

**ਡਾ. ਪਰਮਜੀਤ ਕੌਰ ਸਿੱਧੂ (Dr. Parmjeet Kaur Sidhu)**
ਐਸੋਸੀਏਟ ਪ੍ਰੋਫੈਸਰ, ਸਕੂਲ ਆਫ਼ ਪੰਜਾਬੀ ਸਟੱਡੀਜ਼ (Associate Professor, School of Punjabi Studies)
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
Email ID: parmjeetsidhu@gmail.com ਮੋਬਾਈਲ: +91- 95883-50571

**ਸਾਰ (Abstract)**

*ਮਨੁੱਖ ਅਤੇ ਪ੍ਰਕ੍ਰਿਤੀ ਦਾ ਰਿਸ਼ਤਾ ਬੜਾ ਗਹਿਰਾ ਹੈ। ਇਸ ਦੀ ਝਲਕ ਸਾਹਿਤ, ਕਲਾ ਅਤੇ ਲੋਕ ਪਰੰਪਰਾਵਾਂ ਵਿੱਚ ਸਪੱਸ਼ਟ ਤੌਰ 'ਤੇ ਮਿਲਦੀ ਹੈ। ਭਾਰਤੀ ਪਰੰਪਰਾ ਵਿੱਚ ਕਈ ਰੁੱਖਾਂ ਨੂੰ ਪਵਿੱਤਰ ਮੰਨਿਆ ਗਿਆ ਹੈ। ਕੁਝ ਰੁੱਖ ਮਨੁੱਖੀ ਜੀਵਨ ਦੇ ਜਨਮ, ਵਿਆਹ ਅਤੇ ਮੌਤ ਵਰਗੇ ਅਹਿਮ ਪੜਾਵਾਂ ਨਾਲ ਡੂੰਘੀ ਤਰ੍ਹਾਂ ਜੁੜੇ ਰਹੇ ਹਨ। ਇਹਨਾਂ ਰੁੱਖਾਂ ਵਿੱਚ ਹੀ ਇੱਕ ਦਰੱਖਤ ਜੰਡ ਹੈ, ਜਿਸਦੀ ਪੰਜਾਬੀ ਲੋਕਯਾਨਿਕ ਜੀਵਨ ਵਿੱਚ ਬੜੀ ਮਹੱਤਤਾ ਹੈ। ਜੰਡ ਦਾ ਰੁੱਖ ਉੱਤਰ-ਪੱਛਮੀ ਭਾਰਤ ਦੇ ਸੁੱਕੇ ਇਲਾਕਿਆਂ—ਖਾਸ ਕਰਕੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਲੋਕ ਜੀਵਨ, ਇਥੋਂ ਦੀ ਆਰਥਿਕਤਾ, ਧਾਰਮਿਕ ਵਿਸ਼ਵਾਸਾਂ ਅਤੇ ਰਸਮਾਂ ਨਾਲ ਗਹਿਰਾ ਸੰਬੰਧ ਰੱਖਦਾ ਹੈ। ਇਹ ਰੁੱਖ ਆਪਣੀ ਵਾਤਾਵਰਨਿਕ ਮਹੱਤਤਾ, ਖੁਰਾਕੀ ਅਤੇ ਔਸ਼ਧੀ ਗੁਣਾਂ ਕਾਰਨ ਮਨੁੱਖੀ ਜੀਵਨ ਲਈ ਬਹੁਤ ਲਾਭਦਾਇਕ ਹੈ। ਪੰਜਾਬੀ ਲੋਕ ਪਰੰਪਰਾਵਾਂ, ਧਾਰਮਿਕ ਮਨੌਤਾਂ ਅਤੇ ਪੁਰਾਣ ਕਥਾਵਾਂ ਵਿੱਚ ਜੰਡ ਨੂੰ ਸ਼ਕਤੀ ਦੇ ਪ੍ਰਤੀਕ ਵਜੋਂ ਮੰਨਿਆ ਗਿਆ ਹੈ। ਜਨਮ, ਵਿਆਹ ਅਤੇ ਧਾਰਮਿਕ ਮੌਕਿਆਂ 'ਤੇ ਨਿਭਾਈਆਂ ਜਾਣ ਵਾਲੀਆਂ ਰਸਮਾਂ ਵਿਚ ਇਸ ਦੀ ਸ਼ਮੂਲੀਅਤ ਇਸਦੇ ਲੋਕਧਾਰਾਈ ਮਹੱਤਵ ਨੂੰ ਦਰਸਾਉਂਦੀ ਹੈ। ਲੋਕ ਵਿਸ਼ਵਾਸਾਂ ਵਿੱਚ ਇਹ ਰੁੱਖ ਸੁਰੱਖਿਆ, ਸਮ੍ਰਿੱਧੀ ਅਤੇ ਆਸ਼ੀਰਵਾਦ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਰਾਜਸਥਾਨ ਵਿਚ ਚੱਲੀ "ਖੇਜੜੀ ਬਚਾਓ" ਮੁਹਿੰਮ ਇਸ ਰੁੱਖ ਦੇ ਸਿਰਫ਼ ਪਰਿਆਵਰਣਕ ਮਹੱਤਵ ਨੂੰ ਹੀ ਨਹੀਂ, ਇਸਦੇ ਸਗੋਂ ਸਮਾਜਕ, ਆਰਥਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਵੀ ਉਘਾੜਦੀ ਹੈ। ਆਧੁਨਿਕ ਉਦਯੋਗੀਕਰਨ, ਖੇਤੀਬਾੜੀ ਦੇ ਰਸਾਇਣਕ ਢੰਗ ਤਰੀਕਿਆਂ ਅਤੇ ਮਨੁੱਖੀ ਲਾਪਰਵਾਹੀ ਕਾਰਨ ਇਹ ਉਪਯੋਗੀ ਰੁੱਖ ਲਗਾਤਾਰ ਘਟਦਾ ਜਾ ਰਿਹਾ ਹੈ। ਇਹ ਪੇਪਰ ਉੱਤਰ ਪੱਛਮੀ ਭਾਰਤ ਦੇ ਰਾਜਾਂ ਖਾਸ ਕਰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਪਾਏ ਜਾਣ ਵਾਲੇ ਜੰਡ ਦੇ ਪ੍ਰਕ੍ਰਿਤਕ ਅਤੇ ਲੋਕਧਾਰਾਈ ਮਹੱਤਵ ਨੂੰ ਉਘਾੜਦਾ ਅਜਿਹੇ ਰੁੱਖਾਂ ਦੀ ਸੰਭਾਲ 'ਤੇ ਜ਼ੋਰ ਦਿੰਦਾ ਹੈ ਤਾਂ ਜੋ ਆਉਣ ਵਾਲੀਆਂ ਪੀੜੀਆਂ ਲਈ ਪ੍ਰਕ੍ਰਿਤਕ ਸੰਤੁਲਨ ਅਤੇ ਸੱਭਿਆਚਾਰਕ ਵਿਰਸੇ- ਦੋਵਾਂ ਨੂੰ ਬਚਾਇਆ ਜਾ ਸਕੇ।*

***ਕੀਵਰਡ (Keyword):*** *ਪ੍ਰਕ੍ਰਿਤਕ ਵਰਤਾਰੇ, ਜੀਵਨ ਦਰਸ਼ਨ, ਅਧਿਆਤਮਵਾਦ, ਲੋਕਯਾਨਿਕ, ਪਰਿਆਵਰਣ, ਔਸ਼ਧੀ, ਮਾਈਮੋਸੇਸੀ (Mimosaceace), ਪਰੋਸੋਪਿਸ ਸਾਈਨਰੇਰੀਆ (Prosopis Cineraria), ਖੇਜੜੀ, ਚਿਪਕੋ ਮੂਵਮੈਂਟ, ਆਰੀਅਨ, ਦ੍ਰਾਵਿੜ, ਸ਼ਕਤੀ ਦੀ ਦੇਵੀ, ਸ਼ਾਮੀ ਪੂਜਨ।*

ਪ੍ਰਕ੍ਰਿਤਕ ਅਤੇ ਸਮਾਜਿਕ ਵਰਤਾਰੇ ਜਦੋਂ ਮਨੁੱਖ ਦੁਆਰਾ ਸਿਰਜੀਆਂ ਮਾਨਸਿਕ ਸਿਰਜਣਾਵਾਂ ਜਿਵੇਂ ਸਾਹਿਤ, ਕਲਾ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਉਹਨਾਂ ਵਿੱਚੋਂ ਪ੍ਰਕ੍ਰਿਤੀ ਦੇ ਬਹੁਤ ਸਾਰੇ ਅੰਗ ਅਤੇ ਉਪ-ਅੰਗ ਮਨੁੱਖੀ ਜੀਵਨ ਦੇ ਪ੍ਰਤੀਕ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੇ ਹਨ। ਮਨੁੱਖ ਅਸਲ ਵਿੱਚ ਪ੍ਰਕ੍ਰਿਤੀ ਦਾ ਹੀ ਇੱਕ ਹਿੱਸਾ ਹੈ। ਜਦੋਂ ਉਹ ਕਦੇ ਸਮੱਸਿਆਵਾਂ ਦੇ ਸਨਮੁੱਖ ਹੁੰਦਾ ਹੈ ਤਾਂ ਉਹਨਾਂ ਸਮੱਸਿਆਵਾਂ ਦੇ ਕਈ ਰੂਪਾਂ ਨੂੰ ਪ੍ਰਕ੍ਰਿਤੀ ਦੇ ਰੂਪ ਵਿੱਚ ਚਿੱਤਰਦਾ ਹੈ। ਮਨੁੱਖੀ ਜੀਵਨ ਵਿੱਚ ਬਹੁਤ ਸਾਰੇ ਦਰੱਖਤ ਅਤੇ ਪੌਦੇ ਉਸ ਦੀਆਂ ਸਮੱਸਿਆਵਾਂ ਦਾ ਪ੍ਰਤੀਕਾਤਮਕ ਰੂਪ ਬਣ ਕੇ ਸਾਹਿਤ ਤੇ ਕਲਾ ਰਾਹੀਂ ਸਾਹਮਣੇ ਆਉਂਦੇ ਹਨ। ਭਾਰਤੀ ਸ਼ਾਸਤਰਾਂ ਵਿੱਚ ਕਿਹਾ ਗਿਆ ਹੈ ਕਿ ਇੱਕ ਰੁੱਖ ਦਸ ਪੁੱਤਰਾਂ ਦੇ ਸਮਾਨ ਹੁੰਦਾ ਹੈ। ਭਾਰਤੀ ਜੀਵਨ ਦਰਸ਼ਨ ਵਿੱਚ ਬਹੁਤ ਸਾਰੇ ਦਰੱਖਤ ਅਤੇ ਪੌਦੇ ਵੱਖੋ-ਵੱਖਰੇ ਦੇਵਤਿਆਂ ਦੇ ਰੂਪ ਵਿੱਚ ਪੂਜੇ ਜਾਂਦੇ ਹਨ। ਇਹਨਾਂ ਵਿੱਚ ਆਦਿਮ ਮਨੁੱਖ ਦੀ ਧਾਰਮਿਕ ਨਿਸ਼ਠਾ ਰਹੀ ਹੈ। ਇਹਨਾਂ ਵਿੱਚੋਂ ਬਹੁਤਿਆਂ ਦਾ ਸਬੰਧ ਮਨੁੱਖੀ ਜੀਵਨ ਦੇ ਤਿੰਨ ਅਹਿਮ ਪੜਾਵਾਂ-ਜਨਮ, ਵਿਆਹ ਅਤੇ ਮੌਤ ਦੇ ਸਮੇਂ ਨਿਭਾਈਆਂ ਜਾਂਦੀਆਂ ਰਸਮਾਂ ਨਾਲ ਹੈ। ਇਹ ਭਾਰਤ ਦੀ ਪਰੰਪਰਾ ਵਿੱਚ ਦੋ ਖੇਤਰਾਂ ਤੋਂ ਪ੍ਰਵੇਸ਼ ਕਰਦੇ ਹਨ। ਇੱਕ ਖੇਤਰ ਦਰਸ਼ਨ ਅਤੇ ਅਧਿਆਤਮਵਾਦ ਨਾਲ ਜੁੜਿਆ ਹੋਇਆ ਹੈ ਅਤੇ ਦੂਜੇ ਖੇਤਰ ਦਾ ਸਬੰਧ ਇੱਥੋਂ ਦੀ ਲੋਕ ਪਰੰਪਰਾ ਨਾਲ ਹੈ। ਅਜਿਹੇ ਦਰੱਖਤਾਂ, ਪੌਦਿਆਂ ਵਿੱਚ ਹੀ ਇੱਕ ਦਰੱਖਤ ਜੰਡ ਹੈ, ਜਿਸਦੀ ਪੰਜਾਬੀ ਲੋਕਯਾਨਿਕ ਜੀਵਨ ਵਿੱਚ ਬੜੀ ਮਹੱਤਤਾ ਹੈ। ਜੰਡ ਦੇ ਇੱਕ ਪਾਸੇ ਅਰਥ ਉਸਦੇ ਦਰੱਖਤ ਹੋਣ ਨਾਲ ਜੁੜੇ ਹੋਏ ਹਨ ਅਤੇ ਦੂਜੇ ਪਾਸੇ ਇਸਦਾ ਸਬੰਧ ਸਾਡੇ ਲੋਕ ਜੀਵਨ ਨਾਲ ਹੈ। ਭਾਰਤ ਦੇ ਉੱਤਰ-ਪੱਛਮੀ ਰਾਜਾਂ ਖਾਸ ਕਰ ਰਾਜਸਥਾਨ, ਪੰਜਾਬ ਅਤੇ ਹਰਿਆਣਾ ਵਿੱਚ ਇਹ ਰੁੱਖ ਕਾਫੀ ਤਾਦਾਦ ਵਿੱਚ ਪਾਇਆ ਜਾਂਦਾ ਹੈ। ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਇਸਨੂੰ ਵੱਖ-ਵੱਖ ਨਾਵਾਂ ਨਾਲ ਬੁਲਾਇਆ ਜਾਂਦਾ ਹੈ:

> *ਹਿੰਦੀ ਅਤੇ ਪੰਜਾਬੀ ਵਿਚਲਾ ਇਹ ਜੰਡ ਹਰਿਆਣਵੀ ਵਿੱਚ ਜੰਡੀ, ਰਾਜਸਥਾਨੀ ਵਿੱਚ ਖੇਜੜੀ, ਤਾਮਿਲ ਵਿੱਚ ਵਾਨੀ, ਗੁਜਰਾਤੀ ਵਿੱਚ ਸ਼ਾਮੀ ਜਾਂ ਸਮੀਰ ਅਤੇ ਅਰਬੀ ਵਿੱਚ ਘਫ ਦੇ ਨਾਂ ਨਾਲ ਜਾਣਿਆ ਜਾਂਦਾ ਹੈ।* [1]

ਇੱਕ ਸਾਧਾਰਨ ਦਰੱਖਤ ਦੇ ਰੂਪ ਵਿੱਚ ਜੰਡ ਬਾਕੀ ਦਰੱਖਤਾਂ ਵਾਂਗ ਹੀ ਮਨੁੱਖੀਜੀਵਨ ਲਈ ਬੜਾ ਗੁਣਕਾਰੀ ਹੈ। ਆਮ ਕਰਕੇ ਇਹ ਖੁਸ਼ਕ ਇਲਾਕਿਆਂ ਵਿੱਚ ਪਾਇਆ ਜਾਂਦਾ ਹੈ। ਰਾਜਸਥਾਨ ਦਾ ਇਸਨੂੰ ਰਾਜ ਦਰੱਖਤ (State Tree) ਹੋਣ ਦਾ ਮਾਣ ਪ੍ਰਾਪਤ ਹੈ। ਇਸ ਭਾਰਤੀ ਮਾਰੂਥਲ ਦੇ ਸੁਨਹਿਰੀ ਰੁੱਖ ਵਜੋਂ ਵੀ ਮਸ਼ਹੂਰ ਹੈ। ਇਹ ਉੱਤਰ-ਪੱਛਮੀ ਭਾਰਤ ਵਿਚਲੇ ਰੇਤੀਲੇ ਬੰਜਰ ਇਲਾਕਿਆਂ ਵਿਚਲੇ ਪਰਿਆਵਰਣ ਨੂੰ ਸੰਭਾਲਣ ਵਿੱਚ ਵੀ ਸਹਾਈ ਹੁੰਦਾ ਹੈ। ਇਹ ਆਪਣੇ ਅੰਦਰ ਕਈ ਉਪਯੋਗੀ ਅਤੇ ਔਸ਼ਧੀ (Medicinal) ਗੁਣ ਸਮੋਈ ਬੈਠਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿੱਚ ਜੰਡ ਦੀ ਉਪਯੋਗਤਾ ਬਾਰੇ ਲਿਖਿਆ ਹੈ :

*ਇਹ ਇੱਕ ਜੰਗਲੀ ਬ੍ਰਿਛ ਹੈ ਜਿਸਦੀਆਂ ਫਲੀਆਂ ਦਾ ਆਚਾਰ ਪੈਂਦਾ ਹੈ। ਪੱਕੀਆਂ ਹੋਈਆਂ ਫਲੀਆਂ ਮਿੱਠੀਆਂ ਹੁੰਦੀਆਂ ਹਨ। ਮਾਲਵੇ ਵਿੱਚ ਇਸ ਦੀਆਂ ਕੱਚੀਆਂ ਫਲੀਆਂ ਦਾ ਰਾਇਤਾ ਬਣਾਇਆ ਜਾਂਦਾ ਹੈ ਜੋ ਪੇਚਸ਼ ਲਈ ਗੁਣਕਾਰੀ ਮੰਨਿਆ ਜਾਂਦਾ ਹੈ।* [2]

ਜੰਡ ਦੇ ਇਸ ਦਰੱਖਤ ਦੀ ਲੱਕੜ ਜਿੱਥੇ ਸਾਧਾਰਨ ਨਿਤਾ-ਪ੍ਰਤੀ ਦੀਆਂ ਲੋੜਾਂ ਪੂਰਦੀ ਹੈ ਉੱਥੇ ਇਸ ਵਿਚਲੇ ਔਸ਼ਧੀ ਗੁਣ ਮਾਨਵ ਲਈ ਬੜੇ ਉਪਯੋਗੀ ਹਨ। ਇਸਦੀ ਵਰਤੋਂ ਕਈ ਕਿਸਮ ਦੀਆਂ ਬਿਮਾਰੀਆਂ ਜਿਵੇਂ ਕੋੜ੍ਹ, ਅਸਥਮਾ, ਬਵਾਸੀਰ, ਪੇਚਸ਼ ਆਦਿ ਦੇ ਇਲਾਜ ਲਈ ਕੀਤੀ ਜਾਂਦੀ ਹੈ। ਅੱਜ ਵਿਗਿਆਨ ਅਤੇ ਮੈਡੀਕਲ ਸਾਇੰਸ ਦੀ ਤਰੱਕੀ ਨੇ ਭਾਵੇਂ ਮਨੁੱਖ ਨੂੰ ਉਸਦੇ ਕੁਦਰਤੀ ਚੌਗਿਰਦੇ ਤੋਂ ਦੂਰ ਕਰ ਦਿੱਤਾ ਹੈ, ਪਰ ਇਹਨਾਂ ਪ੍ਰਕ੍ਰਿਤਕ ਸਾਧਨਾਂ ਦੀ ਮਨੁੱਖੀ ਸਰੀਰ ਲਈ ਕੀ ਅਹਿਮੀਅਤ ਹੈ? ਇਸਨੂੰ ਸਮਝਣਾ ਜ਼ਰੂਰੀ ਹੈ। ਪੰਜਾਬ ਕੋਸ਼ ਦੇ ਕਰਤਾ ਨੇ ਵੀ ਭਾਰਤ ਦੇ ਖੁਸ਼ਕ ਇਲਾਕਿਆਂ ਵਿੱਚ ਪਾਏ ਜਾਂਦੇ ਇਸ ਦਰੱਖਤ ਦੀ ਉਪਯੋਗਤਾ ਬਾਰੇ ਬੜੇ ਵਿਸਥਾਰ ਵਿੱਚ ਲਿਖਿਆ ਹੈ-

*ਮਾਈਮੋਸੇਸੀ (Mimosaceace) ਕੁਲ ਨਾਲ ਸਬੰਧਤ ਦਰਮਿਆਨੇ ਕੱਦ ਦੇ ਇਸ ਰੁੱਖ ਦਾ ਵਿਗਿਆਨਕ ਨਾਂ ਪਰੋਸੋਪਿਸ ਸਾਈਨਰੇਰੀਆ (Prosopis Cineraria) ਹੈ। ਇਸ ਦੀਆਂ ਪੋਰੀਆਂ ਕੰਡੇਦਾਰ ਹੁੰਦੀਆਂ ਹਨ। ਪੱਤਾ ਸੰਯੁਕਤ ਹੁੰਦਾ ਹੈ ਜਿਸਦੇ ਦੋ ਤੋਂ ਤਿੰਨ ਜੋੜੇ ਖੰਭੜੇ ਹੁੰਦੇ ਹਨ। ਹਰੇਕ ਖੰਭੜੇ ਵਿੱਚ ਛੇ ਤੋਂ ਬਾਰਾਂ ਜੋੜੇ ਪੱਤੀਆਂ ਦੇ ਹੁੰਦੇ ਹਨ। ਫੁੱਲ ਅਪ੍ਰੈਲ-ਮਈ ਵਿੱਚ ਪੈਂਦੇ ਹਨ ਅਤੇ ਫਲੀਆਂ (ਫਲ) ਜੂਨ ਵਿੱਚ ਤਿਆਰ ਹੁੰਦੀਆਂ ਹਨ। ਇਸਦੀ ਲੱਕੜ ਇਮਾਰਤ ਦੀ ਅੰਦਰਲੀ ਉਸਾਰੀ ਲਈ ਵਰਤੀ ਜਾਂਦੀ ਹੈ। ਇਸ ਤੋਂ ਇਲਾਵਾ ਗੱਡੇ ਦੇ ਪਹੀਏ, ਔਜ਼ਾਰਾਂ ਦੇ ਮੁੱਠੇ, ਖੇਤੀਬਾੜੀ ਦੇ ਸੰਦ ਬਣਾਉਣ ਲਈ ਵੀ ਇਸਦੀ ਲੱਕੜ ਵਰਤੀ ਜਾਂਦੀ ਹੈ। ਪੱਤੇ ਖਾਧ ਅਤੇ ਚਾਰੇ ਵਜੋਂ ਵਰਤੇ ਜਾਂਦੇ ਹਨ ਅਤੇ ਫਲੀਆਂ ਸੁਕਾ ਕੇ ਜਾਂ ਉਬਾਲ ਕੇ ਖਾਧੀਆਂ ਜਾਂਦੀਆਂ ਹਨ। ਫਲੀਆਂ ਛਾਤੀ ਦੇ ਰੋਗ ਦੂਰ ਕਰਨ ਲਈ ਵੀ ਵਰਤੀਆਂ ਜਾਂਦੀਆਂ ਹਨ। ਪੱਤਿਆਂ ਦਾ ਧੂੰਆਂ ਅੱਖਾਂ ਦੀਆਂ ਬੀਮਾਰੀਆਂ ਦੂਰ ਕਰਨ ਲਈ ਲਾਹੇਵੰਦ ਹੈ।* [3]

ਰਾਜਸਥਾਨ ਵਿੱਚ, ਜਿੱਥੇ ਇਸਨੂੰ ਖੇਜੜੀ ਕਹਿੰਦੇ ਹਨ, ਲੋਕੀਂ ਇਸ ਦੀਆਂ ਕੱਚੀਆਂ ਫਲੀਆਂ ਨੂੰ ਅਨੇਕਾਂ ਖਾਧ ਪਦਾਰਥ ਬਣਾਉਣ ਲਈ ਵਰਤਦੇ ਹਨ। ਭਾਰਤ ਦੇ ਇਸ ਮਾਰੂਥਲ ਸਟੇਟ ਦੇ ਭੂਗੋਲਿਕ ਖਿੱਤੇ ਦੇ ਕੋਈ ਦੋ-ਤਿਹਾਈ ਹਿੱਸੇ ਉਪਰ ਪਾਏ ਜਾਂਦੇ ਇਸ ਰੁੱਖ ਦੀ ਉੱਥੋਂ ਦੇ ਆਰਥਿਕ ਤੇ ਸਭਿਆਚਾਰਕ ਜੀਵਨ ਵਿੱਚ ਬੜੀ ਮਹੱਤਤਾ ਹੈ। ਰਾਜਸਥਾਨ ਦੇ ਲੋਕ, ਖਾਸ ਕਰ ਬਿਸ਼ਨੋਈ ਕਮਿਊਨਿਟੀ ਵਾਲੇ ਇਸਦੀ ਪੂਜਾ ਕਰਦੇ ਹਨ। ਰਾਜਸਥਾਨ ਦੇ ਲੋਕਾਂ ਦੀ ਧਾਰਮਿਕ ਜ਼ਿੰਦਗੀ ਵਿੱਚ ਇਸਦੀ ਉਹੀ ਥਾਂ ਹੈ ਜੋ ਭਾਰਤ ਦੇ ਦੂਜੇ ਹਿੱਸਿਆਂ ਵਿੱਚ ਪਿੱਪਲ, ਬੋਹੜ ਜਾਂ ਤੁਲਸੀ ਦੀ ਹੈ। ਮਾਰਚ 2017 ਵਿੱਚ ਮੇਰੀ ਰਾਜਸਥਾਨ ਫੇਰੀ ਦੌਰਾਨ ਪਿੰਡ ਬਦਲਵਾਸ, ਖੇਤਰੀ, ਜ਼ਿਲ੍ਹਾ ਝੁਨਝੁਨੂ ਦੇ ਕੁਝ ਲੋਕਾਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਇਹ ਲੋਕ ਨਵੇਂ ਖੂਹ ਦੀ ਖੁਦਾਈ ਕਰਨ ਤੋਂ ਪਹਿਲਾਂ ਜੰਡ ਦੇ ਦਰੱਖਤ ਦੇ ਥੱਲੇ ਪੂਜਾ ਕਰਦੇ ਹਨ। ਜਨਮ ਅਸ਼ਟਮੀ ਦੇ ਉਤਸਵ 'ਤੇ ਇਹ ਲੋਕ ਆਪਣੇ ਸਥਾਨਕ ਦੇਵਤਾ 'ਗੋਗਾ ਜੀ' ਨੂੰ ਰੀਝਾਉਣ ਲਈ ਇਸ ਦਰੱਖਤ ਦੀਆਂ ਸ਼ਾਖਾਵਾਂ ਨੂੰ ਪੂਜਦੇ ਹਨ। ਇਸ ਤੋਂ ਇਲਾਵਾ ਵਿਆਹ ਸਮੇਂ ਇਸ ਦੀਆਂ ਟਾਹਣੀਆਂ ਨੂੰ ਸ਼ੁਭ ਸ਼ਗਨ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਰਾਜਸਥਾਨ ਵਿੱਚ 18ਵੀਂ ਸ਼ਤਾਬਦੀ ਵਿੱਚ ਇਸ ਬਿਸ਼ਨੋਈ ਕਮਿਊਨਿਟੀ ਦੀਆਂ ਔਰਤਾਂ ਵੱਲੋਂ ਇਸ ਰੁੱਖ ਦੇ ਬਚਾਓ ਲਈ ਰਾਜਤੰਤਰ ਨਾਲ ਲੜਿਆ ਗਿਆ ਸੰਘਰਸ਼ ਭਾਰਤ ਦੇ ਵਾਤਾਵਰਣ ਬਚਾਓ ਅੰਦੋਲਨ ਦੇ ਇਤਿਹਾਸ ਵਿੱਚ ਖਾਸ ਮਹੱਤਵ ਰੱਖਦਾ ਹੈ।

*In AD 1730, this tree came into limelight when a brave lady (Amrita Devi) from Bishnoi Clan of local Marwar region sacrificed her life along with her three daughters and 363 people for the sake of P. Cineraria tree. Soldiers of the then local ruler, Maharaj Abhay Singh, wanted to cut Khejri trees for construction of a palace. But the Bishnoi Clan under the leadership of Amrita Devi hugged the trees and faced the axes of the soldiers. After the incident, the king realized his mistake and called back his soldiers.* [4]

ਇਹਨਾਂ 363 ਲੋਕਾਂ ਦੇ ਬਲੀਦਾਨ ਨੂੰ ਸਮਰਪਿਤ ਰਾਜਸਥਾਨ ਦੇ ਪਿੰਡ ਖੇਜਰਲੀ ਵਿੱਚ ਹਰ ਸਾਲ ਮੇਲਾ ਲੱਗਦਾ ਹੈ। 1970 ਵਿੱਚ ਚੱਲੀ ਚਿਪਕੋ ਮੂਵਮੈਂਟ ਪਿੱਛੇ ਮੁੱਖ ਪ੍ਰੇਰਨਾ ਸ੍ਰੋਤ ਅੰਮ੍ਰਿਤਾ ਦੇਵੀ ਅਤੇ ਉਸਦੇ ਸਾਥੀਆਂ ਦੁਆਰਾ ਲੜਿਆ ਗਿਆ ਇਹ ਸੰਘਰਸ਼ ਹੀ ਸੀ।

ਅਨੇਕ ਔਸ਼ਧ ਗੁਣਾਂ ਨਾਲ ਭਰਪੂਰ ਇਸ ਦਰੱਖਤ ਦੀ ਸਾਡੇ ਲੋਕ ਜੀਵਨ ਵਿੱਚ ਬਹੁਤ ਮਹੱਤਤਾ ਹੈ। ਕਈ ਕਿਸਮ ਦੇ ਲੋਕ ਵਿਸ਼ਵਾਸ ਅਤੇ ਰਸਮਾਂ ਜੰਡ ਨਾਲ ਜੁੜੀਆਂ ਹੋਈਆਂ ਹਨ। ਲੋਕ ਵਿਸ਼ਵਾਸ ਸਾਡੇ ਜੀਵਨ ਦਾ ਅਭਿੰਨ ਅੰਗ ਹਨ। ਅੱਜ ਮਨੁੱਖ ਨੇ ਵਿਗਿਆਨਕ ਤੌਰ 'ਤੇ ਕਾਫੀ ਤਰੱਕੀ ਕਰ ਲਈ ਹੈ ਅਤੇ ਬਹੁਤ ਸਾਰੇ ਪ੍ਰਕ੍ਰਿਤਕ ਵਰਤਾਰਿਆਂ ਨੂੰ ਸਮਝ ਕੇ ਆਪਣੀ ਲੋੜ ਮੁਤਾਬਿਕ ਢਾਲਣ ਵਿੱਚ ਮਨੁੱਖ ਕਾਮਯਾਬ ਹੋ ਗਿਆ ਹੈ (ਭਾਵੇਂ ਅਜੇ ਵੀ ਮਨੁੱਖ ਪ੍ਰਕ੍ਰਿਤੀ ਸਾਹਮਣੇ ਬੌਣਾ ਹੈ)। ਪਰ ਸ਼ੁਰੂ-ਸ਼ੁਰੂ ਵਿੱਚ ਜਦੋਂ ਮਨੁੱਖ ਪ੍ਰਕ੍ਰਿਤੀ ਦੇ ਪ੍ਰਬਲ ਵਿਰਾਟ ਸਰੂਪ ਦੇ ਸਾਹਮਣੇ ਆਪਣੇ ਆਪ ਨੂੰ ਨਿਹੱਥਾ ਮਹਿਸੂਸ ਕਰਦਾ ਸੀ ਤਾਂ ਉਸਨੇ ਪ੍ਰਕ੍ਰਿਤੀ ਨੂੰ ਰੀਝਾਉਣ ਲਈ ਕਈ ਕਿਸਮ ਦੇ ਲੋਕ ਵਿਸ਼ਵਾਸ ਅਤੇ ਪੂਜਾ ਵਿਧੀਆਂ ਅਪਣਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਉਹ ਪ੍ਰਕ੍ਰਿਤੀ ਨੂੰ ਖੁਸ਼ ਕਰ ਸਕੇ। ਡਾ. ਭੁਪਿੰਦਰ ਸਿੰਘ ਖਹਿਰਾ ਨੇ ਲੋਕ ਵਿਸ਼ਵਾਸਾਂ ਦੀ ਸਿਰਜਣਾ ਦੇ ਆਧਾਰਾਂ ਬਾਰੇ ਚਰਚਾ ਕਰਦਿਆਂ ਲਿਖਿਆ ਹੈ:

*ਇਹਨਾਂ ਦੀ ਸਿਰਜਣਾ ਦੇ ਕਈ ਆਧਾਰ ਹੋ ਸਕਦੇ ਹਨ। ਲੋਕਾਂ ਦੇ ਪ੍ਰਕ੍ਰਿਤੀ*

*ਬਾਰੇ ਧੁੰਦਲੇ ਅਨੁਭਵ, ਕਿਸੇ ਵਰਤਾਰੇ ਬਾਰੇ ਸਮਝ ਨਾ ਹੋਣਾ ਜਾਂ ਉਸਦਾ ਗਲਤ ਅਨੁਭਵ ਹੋਣਾ, ਕਿਸੇ ਵਸਤੂ ਦੇ ਉਪਯੋਗੀ ਹੋਣ ਵਿੱਚ ਵਿਸ਼ਵਾਸ ਹੋਣਾ ਆਦਿ ਵਿਭਿੰਨ ਆਧਾਰ ਹੋ ਸਕਦੇ ਹਨ।* [5]

ਜੰਡ ਨਾਲ ਸਬੰਧਿਤ ਕਈ ਕਿਸਮ ਦੇ ਲੋਕ ਵਿਸ਼ਵਾਸ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚ ਮਿਲਦੇ ਹਨ। ਹਜ਼ਾਰਾਂ ਸਾਲਾਂ ਤੋਂ ਹੀ ਲੋਕ ਜੰਡ ਨੂੰ ਪਵਿੱਤਰ ਰੁੱਖ ਵਜੋਂ ਪੂਜਦੇ ਆ ਰਹੇ ਹਨ। ਜੰਡ ਦੀ ਪੂਜਾ ਆਰੀਅਨ ਅਤੇ ਦ੍ਰਾਵਿੜ ਦੋਵਾਂ ਪਰੰਪਰਾਵਾਂ ਵਿੱਚ ਮੌਜੂਦ ਹੈ। ਅਸਲ ਵਿੱਚ ਇਹ ਦੋਵੇਂ ਪਰੰਪਰਾਵਾਂ ਦੇ ਇੱਕ ਦੂਜੇ 'ਤੇ ਪ੍ਰਭਾਵ ਸਦਕਾ ਪੂਜਾ ਦੇ ਵਿਧੀ ਵਿਧਾਨ ਲਈ ਵਰਤਿਆ ਜਾਂਦਾ ਹੈ। ਵੈਦਿਕ ਯੁੱਗ ਵਿੱਚ ਇਸ ਦੀ ਲੱਕੜ ਯੱਗ ਕਰਨ ਲਈ ਵਰਤੀ ਜਾਂਦੀ ਸੀ। ਭਾਰਤੀ ਮਹਾਂਕਾਵਿ ਰਮਾਇਣ ਅਤੇ ਮਹਾਂਭਾਰਤ ਵਿੱਚ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ। ਅਸਲ ਵਿੱਚ ਇਹ ਜੰਡ 'ਸ਼ਕਤੀ ਦੀ ਦੇਵੀ' (Goddess of Power) ਦਾ ਪ੍ਰਤੀਕ ਹੈ। ਭਾਰਤੀ ਮਿਥਿਹਾਸ ਵਿੱਚ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਰਾਵਣ ਨੂੰ ਮਾਰਨ ਲਈ ਜਾਣ ਤੋਂ ਪਹਿਲਾਂ ਰਾਮ ਚੰਦਰ ਜੀ ਨੇ ਇਸ ਦੀ ਪੂਜਾ ਕੀਤੀ ਸੀ। ਇੱਕ ਮਿੱਥ ਇਹ ਵੀ ਪ੍ਰਚੱਲਿਤ ਹੈ ਕਿ ਜਦੋਂ ਪਾਂਡਵ ਚੌਦਾਂ ਸਾਲਾਂ ਦੇ ਬਣਵਾਸ ਉੱਤੇ ਸਨ ਤਾਂ ਆਪਣੇ ਬਨਵਾਸ ਦੇ ਆਖਰੀ ਸਾਲ ਉਹਨਾਂ ਨੇ ਆਪਣੇ ਹਥਿਆਰ ਇਸ ਦਰੱਖਤ ਥੱਲੇ ਛੁਪਾਏ ਸਨ ਅਤੇ ਆਪਣੀ ਜਿੱਤ ਲਈ ਅਰਦਾਸ ਕੀਤੀ ਸੀ। ਕੁਰੂਕਸ਼ੇਤਰ ਵਿਖੇ ਹੋਏ ਕੌਰਵਾਂ ਤੇ ਪਾਂਡਵਾਂ ਦੇ ਯੁੱਧ ਵਿੱਚ ਪਾਂਡਵਾਂ ਨੂੰ ਜਿੱਤ ਹਾਸਿਲ ਹੋਈ ਸੀ। ਇਸ ਗੱਲ ਦਾ ਹਵਾਲਾ ਮਹਾਂਭਾਰਤ ਵਿੱਚ ਆਉਂਦਾ ਹੈ। ਮਹਾਂਰਾਸ਼ਟਰ ਅਤੇ ਕਰਨਾਟਕ ਵਿੱਚ ਲੋਕ ਦੁਸਹਿਰੇ ਵਾਲੇ ਦਿਨ ਇਸ ਦੀਆਂ ਪੱਤੀਆਂ ਭੇਂਟ ਕਰਕੇ ਇੱਕ ਦੂਜੇ ਨੂੰ ਵਧਾਈ ਦਿੰਦੇ ਹਨ। ਆਪਣੀ ਮੈਸੂਰ ਯਾਤਰਾ ਦੌਰਾਨ ਕੁਝ ਲੋਕਾਂ ਨਾਲ ਹੋਈ ਗੱਲਬਾਤ ਤੋਂ ਪਤਾ ਲੱਗਿਆ ਕਿ ਪੁਰਾਣੇ ਸਮੇਂ ਵਿੱਚ ਲੋਕ ਦੁਸਹਿਰੇ ਵਾਲੇ ਦਿਨ ਜੰਡ ਦੇ ਦਰੱਖਤ ਵੱਲ ਇੱਕ ਜਲੂਸ ਦੀ ਸ਼ਕਲ ਵਿੱਚ ਜਾਂਦੇ ਸਨ। ਉੱਥੇ ਪਹੁੰਚ ਕੇ ਉੱਥੋਂ ਦਾ ਮਹਾਰਾਜਾ ਇਸ ਦੇ ਥੱਲੇ ਸ਼ਾਹੀ ਪ੍ਰਾਰਥਨਾ ਕਰਦਾ ਸੀ ਅਤੇ ਵਾਪਸੀ 'ਤੇ ਜੰਡ ਦੀ ਇੱਕ ਟਹਿਣੀ ਆਪਣੇ ਮਹਿਲ 'ਚ ਲੈ ਕੇ ਜਾਂਦਾ ਸੀ। ਉੱਥੋਂ ਦੇ ਲੋਕ ਆਪਣੀ ਬੋਲੀ ਵਿੱਚ ਇਸਨੂੰ 'ਸ਼ਾਮੀ ਪੂਜਨ' ਕਹਿੰਦੇ ਹਨ ਅਤੇ ਇਸ ਸਮੇਂ ਇਹ ਸਤਰਾਂ ਉਚਾਰਦੇ ਹਨ :

*ਸ਼ਾਮੀ ਸ਼ਾਮਯਤੇ ਪਾਪਮੰ, ਸ਼ਾਮੀ ਲੋਹਿਤਕੰਟਕਾ*
*ਧਾਰਨੀਅਰਜੁਨਬਾਣਨਾ, ਰਾਮਸਯਾ ਪ੍ਰਿਯਾਵਾਧਿਨੀ*
*ਕ੍ਰਿਸ਼ਯਮਾਨਿਯਾਤਰਯਾ ਯਥਾਕਲ ਸੁਖ ਮਯਾ*
*ਤਤਰ ਨਿਰਵਿਘਨਕਤਰਿਤਭੰਵਬ ਸ੍ਰੀ ਰਾਮਪੂਜਿਤੇ* [6]

ਇਸ ਮੰਤਰ ਵਿੱਚ ਜਿੱਥੇ ਪਾਪਾਂ ਤੋਂ ਮੁਕਤੀ ਦੀ ਗੱਲ ਕੀਤੀ ਗਈ ਹੈ, ਉੱਥੇ ਆਪਣੀ ਜਿੱਤ ਲਈ ਵੀ ਅਰਦਾਸ ਕੀਤੀ ਗਈ ਹੈ। ਮੱਧ ਭਾਰਤ ਦੇ ਲੋਕ ਵੀ ਦੁਸਹਿਰੇ ਵਾਲੇ ਦਿਨ ਇਸ ਦੀ ਪੂਜਾ ਕਰਦੇ ਹਨ ਅਤੇ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਇਸ ਦੇ ਪੱਤੇ ਪਾਣੀ ਵਿੱਚ ਭਿਉਂ ਕੇ ਦੂਜੇ ਦਿਨ ਉਸ ਨਾਲ ਨਹਾਉਂਦੇ ਹਨ।ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਲ ਕੀਤੇ ਪਾਪਾਂ ਤੋਂ ਮੁਕਤੀ ਮਿਲਦੀ ਹੈ।

ਪੰਜਾਬੀ ਲੋਕ ਜੀਵਨ ਵਿੱਚ ਜੀਵਨ ਦੇ ਵਿਭਿੰਨ ਵਰਤਾਰਿਆਂ ਨਾਲ ਸਬੰਧਿਤ ਅਨੇਕ ਲੋਕ ਵਿਸ਼ਵਾਸ ਮਿਲਦੇ ਹਨ। ਜੰਡ ਦੇ ਰੁੱਖ ਨਾਲ ਵੀ ਕਈ ਤਰ੍ਹਾਂ ਦੇ ਲੋਕ ਵਿਸ਼ਵਾਸ ਜੁੜੇ ਹੋਏ ਹਨ। ਪੀਰ ਪੂਜਣ ਦਾ ਰਿਵਾਜ ਪੰਜਾਬ ਵਿੱਚ ਆਮ ਪ੍ਰਚੱਲਿਤ ਹੈ। ਪੀਰਾਂ ਦੀ ਦਰਗਾਹ ਉੱਤੇ ਦੀਵਾ ਬਾਲਣ ਦੇ ਨਾਲ-ਨਾਲ ਲੋਕ ਉੱਥੇ ਖੜੇ ਜੰਡ ਦੇ ਦਰੱਖਤ ਨੂੰ ਵੀ ਕੋਈ ਖੰਮਣੀ ਜਾਂ ਲੀਰ ਦਾ ਟੁਕੜਾ ਬੰਨ ਦਿੰਦੇ ਹਨ। ਇਸ ਨੂੰ ਬੜਾ ਪੁੰਨ ਦਾ ਕੰਮ ਸਮਝਿਆ ਜਾਂਦਾ ਹੈ। ਜੰਡ ਨੂੰ ਪੂਜਣ ਪਿੱਛੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਲ ਸ਼ਨੀ ਦੇਵਤਾ ਦੀ ਕਰੋਪੀ ਟਲ ਜਾਂਦੀ ਹੈ। ਇਸੇ ਕਰਕੇ ਲੋਕ ਸ਼ਨਿਚਰਵਾਰ ਵਾਲੇ ਦਿਨ ਇਸਨੂੰ ਪਾਣੀ, ਤੇਲ ਆਦਿ ਚੜ੍ਹਾਉਂਦੇ ਹਨ। ਪੰਜਾਬ ਵਿੱਚ ਮੁੱਖ ਤੌਰ 'ਤੇ ਮਰਦ ਅਤੇ ਵਿਆਹੀਆਂ ਔਰਤਾਂ ਜੰਡ ਦੀ ਪੂਜਾ ਵਿੱਚ ਸ਼ਾਮਿਲ ਹੁੰਦੀਆਂ ਹਨ। ਸਭ ਤੋਂ ਪਹਿਲਾਂ ਜੰਡ ਦੇ ਥੱਲੇ ਤੇਲ ਦੇ ਦੀਵੇ ਬਾਲੇ ਜਾਂਦੇ ਹਨ, ਧੂਫ ਧੁਖਾਈ ਜਾਂਦੀ ਹੈ ਅਤੇ ਫਿਰ ਇਸਨੂੰ ਸੰਧੂਰ ਲਾ ਕੇ ਮੌਲੀ ਬੰਨੀ ਜਾਂਦੀ ਹੈ ਅਤੇ ਜੰਡ ਦੁਆਲੇ ਸੱਤ ਗੇੜੇ ਕੱਢੇ ਜਾਂਦੇ ਹਨ। ਇਸ ਤੋਂ ਬਾਅਦ ਘਰ ਤੋਂ ਬਣਾ ਕੇ ਲਿਆਂਦਾ ਪਰਸ਼ਾਦ ਵੰਡਿਆ ਜਾਂਦਾ ਹੈ ਅਤੇ ਘਰ ਦਾ ਮੁਖੀਆ ਸਾਰਿਆਂ ਨੂੰ ਤਿਲਕ ਲਗਾਉਂਦਾ ਹੈ।

ਪੰਜਾਬ ਵਿੱਚ ਸਿੱਖਾਂ ਦੀ ਸ਼ਰਧਾ ਵੀ ਇਸ ਰੁੱਖ ਨਾਲ ਜੁੜੀ ਹੋਈ ਹੈ। ਪੰਜਾਬ ਵਿੱਚ ਕਈ ਗੁਰਦੁਆਰੇ ਜੰਡ ਸਾਹਿਬ ਦੇ ਨਾਂ ਨਾਲ ਮਸ਼ਹੂਰ ਹਨ। ਇਹਨਾਂ ਥਾਵਾਂ 'ਤੇ ਕਿਸੇ ਨਾ ਕਿਸੇ ਗੁਰੂ ਸਾਹਿਬ ਦੇ ਚਰਨ ਪਏ ਹੋਏ ਹਨ। ਇਹਨਾਂ ਵਿੱਚ ਫੂਲ ਨੇੜੇ ਪਿੰਡ ਗੁਮਟੀ ਤੋਂ ਤਿੰਨ ਕਿਲੋਮੀਟਰ ਦੂਰ ਮਹਾਰਾਜਾ ਹੀਰਾ ਸਿੰਘ ਦੁਆਰਾ ਬਣਾਇਆ ਗੁਰਦੁਆਰਾ ਜਿੱਥੇ ਭਾਈ ਰੂਪੇ ਨੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੂੰ ਜੰਡ ਥੱਲੇ ਬਿਠਾ ਕੇ ਲੰਗਰ ਛਕਾਇਆ ਸੀ, ਰੋਪੜ ਜ਼ਿਲ੍ਹੇ ਦੇ ਚਮਕੌਰ ਸਾਹਿਬ ਤੋਂ ਛੇ ਕਿ. ਮੀ. ਦੂਰ ਜਿੱਥੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਠਹਿਰੇ ਸਨ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਹਿਲੀ ਕਲਾਂ ਤੋਂ ਗੁਰੂ ਹਰਰਾਇ ਸਾਹਿਬ ਦੀ ਯਾਦ ਵਿੱਚ ਬਣਿਆ ਗੁਰਦੁਆਰਾ ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨਿਆ ਸੀ, ਜ਼ਿਲ੍ਹਾ ਮੁਕਤਸਰ ਦੇ ਪਿੰਡ ਖੇਹੜੀ ਨੇੜੇ ਦਸਮ ਗੁਰੂ ਨਾਲ ਸਬੰਧਿਤ ਗੁਰਦੁਆਰਾ ਜਿੱਥੇ ਗੁਰੂ ਸਾਹਬ ਨੇ ਜੰਡ ਨਾਲ ਸ਼ਸਤਰ ਤੇ ਬਸਤਰ ਝੁਲਾਏ ਸਨ, ਇਸੇ ਤਰ੍ਹਾਂ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਮਰਾੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਗੁਰਦੁਆਰਾ, ਨਨਕਾਣਾ ਸਾਹਿਬ ਦਾ ਗੁਰਦੁਆਰਾ ਜੰਡ ਸਾਹਿਬ ਜਿੱਥੇ ਮਹੰਤ ਨਰੈਣ ਦਾਸ ਨੇ ਸਿੰਘਾਂ ਨੂੰ ਜਿਉਂਦੇ ਬੰਨ ਕੇ ਸਾੜਿਆ ਸੀ, ਆਦਿ ਕਿੰਨੇ ਹੀ ਸਿੱਖ ਗੁਰੂ ਘਰਾਂ ਦਾ ਸਬੰਧ ਜੰਡ ਨਾਲ ਹੈ।

ਜੰਡ ਦਾ ਸਬੰਧ ਪੰਜਾਬੀ ਲੋਕ ਧਰਮ ਨਾਲ ਹੀ ਨਹੀਂ ਸਗੋਂ ਪੰਜਾਬੀ ਲੋਕ ਗੀਤਾਂ ਵਿੱਚ ਵੀ ਜੰਡ ਦਾ ਜ਼ਿਕਰ ਕਈ ਥਾਈਂ ਮਿਲਦਾ ਹੈ। ਮਨੁੱਖੀ ਜੀਵਨ ਦੇ ਅਹਿਮ ਪੜਾਵਾਂ-ਜਨਮ, ਵਿਆਹ ਅਤੇ ਮੌਤ ਵਿੱਚੋਂ ਜਨਮ ਤੇ ਵਿਆਹ ਖੁਸ਼ੀ ਦੇ ਅਵਸਰ ਹਨ। ਬੱਚੇ (ਖਾਸ ਕਰ ਮੁੰਡੇ ) ਦੇ ਜਨਮ ਅਤੇ ਵਿਆਹ ਸਮੇਂ ਦੇ ਗੀਤਾਂ ਵਿੱਚ ਜੰਡ ਦਾ ਹਵਾਲਾ ਕਈ ਥਾਈਂ ਵੇਖਿਆ ਜਾ ਸਕਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸਦੀ ਲੰਮੀ ਤੇ ਸੁਖਦ ਆਯੂ ਦੀ ਕਾਮਨਾ ਲਈ ਕਈ ਤਰ੍ਹਾਂ ਦੀਆਂ ਰਸਮਾਂ ਰੀਤਾਂ ਨਿਭਾਈਆਂ ਜਾਂਦੀਆਂ ਹਨ। ਇਹਨਾਂ ਰੀਤਾਂ ਵਿੱਚ ਇੱਕ ਰੀਤ ਜੰਡੀਆਂ ਦੀ ਵੀ ਹੈ। ਪੰਜਾਬ ਦੇ ਬੇਦੀਆਂ ਵਿੱਚ ਇਹ ਰੀਤ ਨਿਭਾਈ ਜਾਂਦੀ ਹੈ। ਇਸ ਰਸਮ ਲਈ ਭਾਦੋਂ ਦੀ ਮੱਸਿਆ ਨੂੰ ਸਾਰੇ ਰਿਸ਼ਤੇਦਾਰ, ਸਕੇ-ਸਬੰਧੀ ਬੁਲਾਏ ਜਾਂਦੇ ਹਨ ਅਤੇ ਜੰਡ ਦੀ ਟਾਹਣੀ ਕੱਟੀ ਜਾਂਦੀ ਹੈ। ਇਸ ਤੋਂ ਬਾਅਦ ਸਭ ਨੂੰ ਖਾਣਾ ਖੁਆ ਕੇ ਮਿਠਾਈ ਆਦਿ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਕਈ ਹਿੰਦੂ ਪਰਿਵਾਰਾਂ ਵਿੱਚ ਮੁੰਡੇ ਦੇ ਮੁੰਡਣ ਸੰਸਕਾਰ ਸਮੇਂ ਵੀ ਜੰਡੀ ਕੱਟੀ ਜਾਂਦੀ ਹੈ। ਕਈ ਖੱਤਰੀਆਂ ਵਿੱਚ ਇਹ ਰਿਵਾਜ ਹੈ ਕਿ ਪਹਿਲੇ ਦੋ ਸਾਲ ਬੱਚੇ ਨੂੰ ਆਪਣੇ ਘਰ ਦੇ ਕੱਪੜੇ ਨਹੀਂ ਪੁਆਏ ਜਾਂਦੇ। ਤੀਜੇ ਸਾਲ ਜਦੋਂ ਬੱਚੇ ਨੂੰ ਚੋਲਾ ਪੁਆਇਆ ਜਾਂਦਾ ਹੈ ਤਾਂ ਜੰਡ ਦੀ ਪੂਜਾ ਕੀਤੀ ਜਾਂਦੀ ਹੈ। ਇਸ ਲਈ ਪਹਿਲਾਂ ਜੰਡ ਉੱਤੇ ਸੰਧੂਰ ਨਾਲ ਸਵਾਸਤਿਕ ਦਾ ਨਿਸ਼ਾਨ ਬਣਾਇਆ ਜਾਂਦਾ ਹੈ। ਫਿਰ ਜੰਡ ਦੀ ਪਰਿਕਰਮਾ ਕਰਦਿਆਂ ਉਸ ਉੱਤੇ ਸੂਤ ਲਪੇਟਿਆ ਜਾਂਦਾ ਹੈ।

ਪਰਿਕਰਮਾ ਦੇ ਨੌਂ ਜਾਂ ਸੱਤ ਗੇੜੇ ਦਿੱਤੇ ਜਾਂਦੇ ਹਨ। ਇਸ ਉਪਰੰਤ ਗੁੜ ਵੰਡ ਕੇ ਬੱਚੇ ਨੂੰ ਚੋਲਾ ਪੁਆਇਆ ਜਾਂਦਾ ਹੈ। ਇਸ ਪਿੱਛੇ ਵੀ ਇਹੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਆਉਣ ਵਾਲੀ ਜ਼ਿੰਦਗੀ 'ਚ ਮਾੜੀਆਂ ਰੂਹਾਂ ਤੋਂ ਰੱਖਿਆ ਹੋਵੇਗੀ।

ਪੰਜਾਬ ਵਿੱਚ ਜੰਡ ਨਾਲ ਸਬੰਧਿਤ ਵਧੇਰੇ ਲੋਕ-ਗੀਤ ਵਿਆਹ ਸਮੇਂ ਦੀ ਰਸਮ ਨਾਲ ਸਬੰਧਿਤ ਮਿਲਦੇ ਹਨ। ਅੱਜ ਕੱਲ੍ਹ ਦੀ ਤੇਜ ਰਫ਼ਤਾਰ ਜ਼ਿੰਦਗੀ ਵਿੱਚ ਭਾਵੇਂ ਵਿਆਹ ਦੀਆਂ ਰਸਮਾਂ ਵੀ ਮਹਿਜ਼ ਖਾਨਾਪੂਰਤੀ ਬਣ ਕੇ ਰਹਿ ਗਈਆਂ ਹਨ, ਪਰੰਤੂ ਪੁਰਾਣੇ ਸਮਿਆਂ ਵਿੱਚ ਵਿਆਹ ਤੋਂ ਮਹੀਨਿਆਂ ਪਹਿਲੇ ਹੀ ਰਸਮਾਂ ਦਾ ਇਹ ਸਿਲਸਿਲਾ ਸ਼ੁਰੂ ਹੋ ਜਾਂਦਾ ਸੀ ਅਤੇ ਵਿਆਹ ਤੋਂ ਕਈ ਦਿਨ ਬਾਅਦ ਤੱਕ ਚੱਲਦਾ ਰਹਿੰਦਾ ਸੀ। ਇਹਨਾਂ ਰਸਮਾਂ ਵਿੱਚੋਂ ਹੀ ਬੜੀ ਅਹਿਮ ਰਸਮ ਜੰਡੀ ਵੱਢਣ ਜਾਂ ਜੰਡ ਨੂੰ ਟੱਕ ਲਾਉਣ ਦੀ ਹੁੰਦੀ ਸੀ। ਜੰਞ ਚੜ੍ਹਨ ਤੋਂ ਪਹਿਲਾ ਵਿਆਂਦੜ੍ਹ ਮੁੰਡਾ ਜੰਡੀ ਦੁਆਲੇ ਸੱਤ ਗੇੜੇ ਦਿੰਦਾ ਸੀ ਅਤੇ ਹਰ ਗੇੜੇ ਜੰਡੀ 'ਤੇ ਟੱਕ ਲਾਉਂਦਾ ਸੀ। ਟੱਕ ਲਾਉਣ ਵੇਲੇ ਲਾੜੇ ਦੀ ਮਾਂ ਉਸਦੇ ਮੂੰਹ 'ਚ ਗੁੜ੍ਹ ਜਾਂ ਸ਼ੱਕਰ ਦੀ ਰੋੜੀ ਪਾਉਂਦੀ। ਕਈ ਥਾਈਂ ਇਹ ਰਸਮ ਵਿਆਂਦੜ੍ਹ ਮੁੰਡਾ ਜੰਡ ਦੀ ਇੱਕ ਟਾਹਣੀ ਕੱਟ ਕੇ ਕਰਦਾ ਸੀ। ਇਸ ਤੋਂ ਬਾਅਦ ਸਾਰੀ ਜੰਞ ਨੂੰ ਗੁੜ, ਸ਼ੱਕਰ ਵੰਡੀ ਜਾਂਦੀ। ਇਸ ਰਸਮ ਨੂੰ ਨਿਭਾਉਣ ਪਿੱਛੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਅਜਿਹਾ ਕਰਨ ਨਾਲ ਦੇਵਤੇ ਪ੍ਰਸੰਨ ਹੁੰਦੇ ਹਨ ਅਤੇ ਉਹ ਬਦਰੂਹਾਂ ਤੋਂ ਲਾੜੇ ਦੀ ਰੱਖਿਆ ਕਰਦੇ ਹਨ। ਇਸ ਤਰ੍ਹਾਂ ਜੰਡੀ ਕੱਟਣਾ ਉਹਨਾਂ ਕੁਦਰਤੀ ਆਫਤਾਂ ਦੇ ਸਫਾਇਆ ਕਰਨ ਦਾ ਪ੍ਰਤੀਕ ਹੈ, ਜਿਹੜੀਆਂ ਲਾੜੇ ਦੇ ਰਾਹ ਵਿੱਚ ਰੁਕਾਵਟ ਬਣਦੀਆਂ ਹਨ। ਜੰਡੀ ਵੱਢਣ ਦੀ ਰਸਮ ਨਾਲ ਸਬੰਧਿਤ ਕਈ ਲੋਕ ਗੀਤ ਮਿਲਦੇ ਹਨ :

*ਜੇ ਤੂੰ ਚੜ੍ਹਿਆ ਘੋੜੀ ਵੇ ਤੇਰੇ ਨਾਲ ਭਰਾਵਾਂ ਦੀ ਜੋੜੀ ਵੇ*
*ਜੇ ਤੂੰ ਵੱਢੀ ਜੰਡੀ ਵੇ ਤੇਰੀ ਮਾਂ ਨੇ ਸ਼ੱਕਰ ਵੰਡੀ ਵੇ* 7

-----------------

*ਨੀ ਲਾੜਾ ਜੰਡੀ ਵੱਢਦਾ, ਕਿਹਾ ਫਬਦਾ*
*ਨੀ ਲਾੜਾ ਲੱਖ ਸੌ ਵਰ੍ਹਿਆਂ ਜੀਵੇ,*
*ਘੋਲ ਪਤਾਸੇ ਪੀਵੇ, ਕਿਹਾ ਚੰਗਾ ਲੱਗਦਾ*
*ਘੋੜੀ ਚੜ੍ਹਿਆ ਡਾਢਾ ਫਬਦਾ, ਨੀ ਕੋਈ ਮੁਲਖੀਆ ਲੱਗਦਾ।* [8]

ਇਸ ਰਸਮ ਪਿੱਛੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੰਡੀ ਵੱਢਣਾ ਜਿੱਤ ਦੀ ਨਿਸ਼ਾਨੀ ਹੈ। ਅਸਲ ਵਿੱਚ ਪੁਰਾਣੇ ਸਮਿਆਂ ਵਿੱਚ ਆਵਾਜਾਈ ਦੇ ਸਾਧਨ ਘੱਟ ਸਨ। ਬਰਾਤਾਂ ਗੱਡਿਆਂ ਵਗੈਰਾ ਉੱਪਰ ਹੀ ਜਾਂਦੀਆਂ ਸਨ। ਲੰਮਾ ਪੈਂਡਾ ਤੈਅ ਕਰਨਾ ਹੁੰਦਾ ਸੀ ਅਤੇ ਕਈ ਵਾਰ ਘਣੇ ਜੰਗਲਾਂ ਵਿੱਚੋਂ ਨਿਕਲਣਾ ਹੁੰਦਾ ਸੀ। ਜੰਡੀ ਵੱਢਣ ਸਮੇਂ ਲਾੜੇ ਨੂੰ ਇੱਕੋ ਜ਼ੋਰਦਾਰ ਵਾਰ ਨਾਲ ਜੰਡੀ ਵੱਢਣ ਲਈ ਕਿਹਾ ਜਾਂਦਾ ਸੀ। ਅਜਿਹਾ ਕਰਨ ਨਾਲ ਤਲਵਾਰ ਦੀ ਧਾਰ ਦੀ ਪਰਖ ਹੋ ਜਾਂਦੀ ਸੀ। ਦੂਜਾ ਜੰਡੀ ਵੱਢਣਾ ਬਹਾਦਰੀ ਦੀ ਨਿਸ਼ਾਨੀ ਸਮਝੀ ਜਾਂਦੀ ਸੀ।

ਰੁੱਖਾਂ ਨੂੰ ਮਨੁੱਖ ਦਾ ਸਾਥੀ ਸਮਝਿਆ ਜਾਂਦਾ ਹੈ। ਸਿਆਣੇ ਕਹਿੰਦੇ ਹਨ ਕਿ ਰੁੱਖ ਮਨੁੱਖ ਦੀ ਖੁਸ਼ੀ-ਗਮੀ ਵੀ ਮਹਿਸੂਸਦੇ ਹਨ। ਅਸਲ ਵਿੱਚ ਪੁਰਾਣੇ ਪੰਜਾਬ ਦੇ ਮਰਦ ਪਿੱਪਲਾਂ ਬੋਹੜਾਂ ਦੀ ਛਾਂ ਥੱਲੇ ਦੁਪਹਿਰੇ ਲੰਘਾਉਂਦੇ ਅਤੇ ਔਰਤਾਂ ਰੁੱਖਾਂ ਦੀ ਛਾਂ ਥੱਲੇ ਦਰੀਆਂ ਬੁਣਦੀਆਂ, ਫੁਲਕਾਰੀਆਂ ਕੱਢਦੀਆਂ, ਤਾਣੀ ਲਾਉਂਦੀਆਂ, ਰੰਗਲੇ ਨਾਲੇ ਬੁਣਦੀਆਂ ਤੇ ਚਰਖੇ ਕੱਤਦੀਆਂ ਰਹੀਆਂ ਹਨ। ਇਸੇ ਕਾਰਨ ਰੁੱਖਾਂ ਨਾਲ ਮਨੁੱਖ ਦੀ ਗੂੜ੍ਹੀ ਸਾਂਝ ਰਹੀ ਹੈ। ਪੰਜਾਬੀ ਵਿੱਚ ਕਈ ਅਜਿਹੇ ਲੋਕ ਗੀਤ ਮਿਲਦੇ ਹਨ ਜਿੱਥੇ ਰੁੱਖਾਂ ਨੂੰ ਵੀ ਮਨੁੱਖਾਂ ਵਾਂਗ ਗੱਲਾਂ ਕਰਦੇ ਦਰਸਾਇਆ ਹੈ :

*ਜੰਡ ਟਾਹਲੀ ਨੂੰ ਦੱਸੇ,*
*ਮਾਵਾਂ ਧੀਆਂ ਦੋਵੇਂ ਗੱਭਣਾਂ।* [9]

ਪੰਜਾਬੀ ਬੰਦੇ ਨਾਲ ਜੰਡ ਦੀ ਸਾਂਝ ਇੱਕ ਮਨੁੱਖ ਵਾਂਗ ਹੀ ਹੈ। ਮਨੁੱਖਾ ਜੀਵਨ ਨਾਸ਼ਵਾਨ ਹੈ। ਜੋ ਪੈਦਾ ਹੋਇਆ ਉਹਨੇ ਇੱਕ ਦਿਨ ਬਿਨਸਣਾ ਹੈ, ਇੱਥੋਂ ਜਾਣਾ ਹੈ। ਇਹ ਇਸ ਫਾਨੀ ਦੁਨੀਆਂ ਦਾ ਦਸਤੂਰ ਹੈ। ਦੁਨੀਆਂ ਤੋਂ ਵਿਦਾ ਹੋਣ ਦੀ ਘਟਨਾ ਦੁਖਮਈ ਹੈ। ਬੰਦੇ ਦੇ ਇਸ ਦੁੱਖ ਵਿੱਚ ਰੁੱਖ ਵੀ ਸ਼ਰੀਕ ਹੁੰਦੇ ਹਨ :

*ਮਰ 'ਗੀ ਨੂੰ ਰੁੱਖ ਰੋਣਗੇ,*
*ਅੱਕ, ਢੱਕ ਤੇ ਕਰੀਰ, ਜੰਡ ਬੇਰੀਆਂ।* [10]

ਲਾਡਾਂ ਨਾਲ ਪਾਲੀ ਪੰਜਾਬਣ ਮੁਟਿਆਰ ਜਦੋਂ ਸਹੁਰੇ ਘਰ ਜਾ ਜ਼ਿੰਦਗੀ ਦੀਆਂ ਤਲਖੀਆਂ ਨਾਲ ਦੋ-ਚਾਰ ਹੁੰਦੀ ਹੈ, ਮਾਂ-ਬਾਪ ਦੇ ਘਰ ਲਾਡਾਂ ਨਾਲ ਪਲੀ ਨੂੰ ਜਦੋਂ ਘਰ ਦਾ ਸਾਰਾ ਕੰਮ ਵੀ ਕਰਨਾ ਪੈਂਦਾ ਹੈ ਤੇ ਫਿਰ ਵੀ ਸੱਸ-ਸਹੁਰੇ ਜਾਂ ਜੇਠ ਆਦਿ ਦੀਆਂ ਵਧੀਕੀਆਂ ਸਹਿਣੀਆਂ ਪੈਂਦੀਆਂ ਹਨ ਤਾਂ ਆਪਣੇ ਮਾਹੀ ਨੂੰ ਜੋ ਸਿਫ਼ਾਰਸ਼ ਕਰਦੀ ਹੈ, ਉੱਥੇ ਵੀ ਜੰਡ ਦਾ ਜ਼ਿਕਰ ਆਉਂਦਾ ਹੈ :

*ਮੈਨੂੰ ਕੱਲੀ ਨੂੰ ਚੁਬਾਰਾ ਪਾ ਦੇ,*
*ਰੋਹੀ ਵਾਲਾ ਜੰਡ ਵੱਢ ਕੇ।* [11]

ਮਿਰਜ਼ਾ ਸਾਹਿਬਾਂ ਦੀ ਪਿਆਰ ਕਥਾ ਵਿੱਚ ਵੀ ਜੰਡ ਦਾ ਵਿਸ਼ੇਸ਼ ਰੋਲ ਹੈ। ਮਿਰਜ਼ਾ ਸਾਹਿਬਾਂ ਨੂੰ ਉਧਾਲਣ ਤੋਂ ਮਗਰੋਂ ਬੇਪਰਵਾਹ ਹੋ ਕੇ ਜੰਡ ਦੇ ਦਰੱਖਤ ਥੱਲੇ ਸੌਂ ਜਾਂਦਾ ਹੈ। ਸਾਹਿਬਾਂ ਭਰਾਵਾਂ ਦੇ ਮੋਹ ਵਿੱਚ ਆ ਕੇ ਮਿਰਜ਼ੇ ਦਾ ਤਰਕਸ਼ ਜੰਡ ਉੱਤੇ ਟੰਗ ਦਿੰਦੀ ਹੈ। ਪੀਲੂ ਰਚਿਤ ਮਿਰਜ਼ਾ ਸਾਹਿਬਾਂ ਵਿੱਚ ਜੰਡ ਦਾ ਜ਼ਿਕਰ ਕਈ ਥਾਈਂ ਆਉਂਦਾ ਹੈ:

*ਜੰਡ ਦੇ ਹੇਠਾਂ ਜੱਟਾ! ਸੌਂ ਰਹਿਓਂ, ਉੱਠ ਸੁਰਤ ਸੰਭਾਲ*
*ਬੱਕੀ ਤੈਨੂੰ ਛੱਡ ਗਈ, ਜਿਸ ਦੇ ਉੱਤੇ ਬੜਾ ਇਤਬਾਰ।*

-----------------

*ਜੰਡ ਦੇ ਜੰਡੂਰਿਆ ਤੂੰ ਹੀ ਕਰੀਂ ਨਿਆਉਂ*
*ਹਵੇਂ ਦੂਣਾ ਫਲੇ ਚੌਗੁਣਾ, ਤੇਰੀ ਮਹਿੰਦੀ ਮਾਣੇ ਛਾਉਂ।*

------------------

*ਸਿਰ ਸਿਆਲਾਂ ਦੇ ਵੱਢ ਕੇ ਦੇਵਾਂਗਾ ਜੰਡ ਚੜ੍ਹਾ*
*ਬੱਕੀ ਦੀ ਬੇਲ ਪਰ ਬਹਿ ਕੇ, ਬੱਕੀ ਨੂੰ ਲਾਜ ਨਾ ਲਾ।*

------------------

*ਮੰਦਾ ਕੀਤਾ ਤੂੰ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ*
*ਤਿੰਨ ਸੈ ਕਾਨੀ ਮਿਰਜ਼ੇ ਜਵਾਨ ਦੀ, ਦੇਂਦਾ ਸਿਆਲਾਂ ਨੂੰ ਵੰਡ।* [12]

ਵਰਤਮਾਨ ਉਦਯੋਗਿਕ ਵਿਕਾਸ ਦੇ ਨਾਂ ਥੱਲੇ ਮਨੁੱਖ ਦੁਆਰਾ ਕੀਤੇ ਜਾ ਰਹੇ ਆਪਣੇ ਪ੍ਰਕ੍ਰਿਤਿਕ ਚੌਗਿਰਦੇ ਨਾਲ ਖਿਲਵਾੜ ਸਮੇਂ ਰਾਜਸਥਾਨ ਵਿੱਚ ਚੱਲ ਰਹੀ "ਖੇਜੜੀ ਬਚਾਓ ਮੂਵਮੈਂਟ" ਇੱਕ ਮਹੱਤਵਪੂਰਨ ਘਟਨਾ ਹੈ ਜੋ ਉੱਤਰ-ਪੱਛਮੀ ਭਾਰਤ ਦੇ ਸੁੱਕੇ ਇਲਾਕਿਆਂ ਵਿੱਚ ਖੇਜੜੀ (Prosopis cineraria) ਦੀ ਵਾਤਾਵਰਣਿਕ ਅਤੇ ਸੱਭਿਆਚਾਰਕ ਮਹੱਤਤਾ ਨੂੰ ਉਜਾਗਰ ਕਰਦੀ ਹੈ। ਇਹ ਅੰਦੋਲਨ ਬੀਕਾਨੇਰ ਖੇਤਰ ਵਿੱਚ ਸੂਰਜੀ ਊਰਜਾ ਪ੍ਰੋਜੈਕਟਾਂ ਲਈ ਖੇਜੜੀ ਦੇ ਦਰੱਖਤਾਂ ਦੀ ਕਟਾਈ ਦੇ ਖ਼ਿਲਾਫ਼ ਸਥਾਨਕ ਵਿਰੋਧ ਦੇ ਰੂਪ ਵਿੱਚ ਸ਼ੁਰੂ ਹੋਇਆ ਜੋ

ਬਾਅਦ ਵਿੱਚ ਵਿਆਪਕ ਰਾਜ-ਪੱਧਰੀ ਅੰਦੋਲਨ ਵਿੱਚ ਤਬਦੀਲ ਹੋ ਗਿਆ। ਇਸ ਅੰਦੋਲਨ ਵਿਚ ਸ਼ਾਮਿਲ ਲੋਕ ਖੇਜੜੀ ਦੀ ਕਟਾਈ 'ਤੇ ਪੂਰੀ ਪਾਬੰਦੀ ਅਤੇ ਇਸਦੀ ਕਾਨੂੰਨੀ ਸੁਰੱਖਿਆ ਦੀ ਮੰਗ ਕਰ ਰਹੇ ਹਨ। ਇਸ ਅੰਦੋਲਨ ਵਿਚ ਵੱਖ-ਵੱਖ ਸਮਾਜਿਕ ਵਰਗਾਂ, ਧਾਰਮਿਕ ਆਗੂਆਂ ਅਤੇ ਸਥਾਨਕ ਭਾਈਚਾਰਿਆਂ ਦੀ ਭਰਵੀਂ ਸ਼ਮੂਲੀਅਤ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਖੇਜੜੀ ਦਾ ਰੇਗਿਸਤਾਨੀ ਸਮਾਜ ਵਿੱਚ ਗਹਿਰਾ ਪ੍ਰਤੀਕਾਤਮਕ, ਆਰਥਿਕ, ਵਾਤਾਵਰਣਿਕ ਅਤੇ ਸੱਭਿਆਚਾਰਕ ਮਹੱਤਵ ਹੈ। ਰਾਜ ਦੇ ਮੁੱਖ ਮੰਤਰੀ ਵੱਲੋਂ ਇਸ ਦਰੱਖਤ ਨੂੰ "ਕਲਪਵ੍ਰਿਖਸ਼" ਕਹਿਣਾ ਵੀ ਇਸਦੇ ਜੀਵਨ ਦਾਤਾ (life-sustaining) ਹੋਣ ਦੀ ਭੂਮਿਕਾ ਨੂੰ ਦਰਸਾਉਂਦਾ ਹੈ। ਇਸ ਅੰਦੋਲਨ ਦੀ ਵਿਆਪਕਤਾ, ਸੁਚਾਰੂ ਸੰਗਠਨ ਅਤੇ ਸ਼ਾਂਤਮਈ ਸੁਭਾਅ ਇਹ ਦਰਸਾਉਂਦਾ ਹੈ ਕਿ ਖੇਜੜੀ ਦੀ ਸੁਰੱਖਿਆ ਸਿਰਫ਼ ਪਰਿਆਵਰਣਕ ਮੁੱਦਾ ਨਹੀਂ, ਸਗੋਂ ਰੇਗਿਸਤਾਨੀ ਭਾਈਚਾਰਿਆਂ ਦੀ ਪਹਿਚਾਣ, ਪਰੰਪਰਾਗਤ ਗਿਆਨ ਅਤੇ ਸਮਾਜਿਕ-ਸੱਭਿਆਚਾਰਕ ਮੁੱਲਾਂ ਦਾ ਇਸ ਨਾਲ ਗਹਿਰਾਈ ਨਾਲ ਜੁੜਿਆ ਹੋਣਾ ਹੈ।

ਮਨੁੱਖ ਦੀ ਸਵਾਰਥੀ ਰੁਚੀ ਕਾਰਨ ਅੱਜ ਬਹੁਤ ਸਾਰੇ ਉਪਯੋਗੀ ਰੁੱਖ ਲਗਾਤਾਰ ਘਟ ਰਹੇ ਹਨ। ਕੁਝ ਤਾਂ ਬਿੱਲਕੁੱਲ ਹੀ ਖਤਮ ਹੋ ਰਏ ਹਨ। ਅੱਜਕੱਲ ਜੰਡ ਵੀ ਪੰਜਾਬ ਵਿੱਚ ਤਾਂ ਕਿਤੇ ਟਾਵਾਂ-ਟਾਵਾਂ ਹੀ ਦਿਖਦਾ ਹੈ। ਹੋਰ ਪੂਜਣਯੋਗ ਰੁੱਖਾਂ ਵਾਂਗ ਜੰਡ ਦੀਆਂ ਜੜ੍ਹਾਂ ਵਿੱਚ ਜਾਣ ਵਾਲਾ ਤੇਲ, ਲੱਸੀ ਤੇ ਦੁੱਧ ਆਦਿ ਇਸਨੂੰ ਸੁਕਾਈ ਜਾਂਦੇ ਹਨ। ਇਸ ਤੋਂ ਇਲਾਵਾ ਅੱਜਕੱਲ ਖੇਤੀਬਾੜੀ ਲਈ ਹੁੰਦੀ ਰੇਹਾਂ-ਸਪਰੇਆਂ ਦੀ ਵਰਤੋਂ ਨੇ ਇਸਨੂੰ ਖਤਮ ਕਰ ਦਿੱਤਾ ਹੈ। ਆਪਣੇ ਵਿੱਚ ਅਨੇਕਾਂ ਹੀ ਔਸ਼ਧਿਕ ਗੁਣ ਸਮੋਈ ਬੈਠੇ ਸਾਡੇ ਲਈ ਪ੍ਰਾਕ੍ਰਿਤਕ ਤੇ ਲੋਕਧਾਰਾਈ ਮਹੱਤਵ ਵਾਲੇ ਇਸ ਰੁੱਖ ਦੀ ਸੰਭਾਲ ਕਰਨਾ ਸਾਡਾ ਫ਼ਰਜ਼ ਹੈ, ਨਹੀਂ ਤਾਂ ਇਹਨਾਂ ਰੁੱਖਾਂ ਦੇ ਖਤਮ ਹੋਣ ਨਾਲ ਆਉਣ ਵਾਲੀਆਂ ਪੀੜੀਆਂ ਲਈ ਇਹਨਾਂ ਨਾਲ ਜੁੜਿਆ ਸਾਡਾ ਲੋਕਧਾਰਾਈ ਵਿਰਸਾ ਵੀ ਕਾਇਮ ਰੱਖਣਾ ਮੁਹਾਲ ਹੋਵੇਗਾ।

## *ਹਵਾਲੇ ਅਤੇ ਟਿੱਪਣੀਆਂ*


1. *Anirudh Khatri, Anita Rathore & U. K. Patil, "Prosopis Cineraria- A Boon Plant for Desert", Internal Journal of Biomedical and Advanced Research, Vol 1, No 5, 2010 Page 141*
2. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 539*
3. *ਰਛਪਾਲ ਸਿੰਘ ਗਿੱਲ (ਮੁੱਖ ਸੰਪਾਦਕ), ਪੰਜਾਬ ਕੋਸ਼ (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 882*
4. *P. RathaKrishanan, S. K. Jindal, "Khejri, The King of Indian Thar Desert is Under Phenophase Change", Current Science, Vol. 108, No. 11, 10 June, 2015, Page 1988*
5. *ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿੱਪੂ, ਪਟਿਆਲਾ, 2013, ਪੰਨਾ 96*
6. *http://www.indianscriptures.com/vedic-lifestyle/food/trees/shami*
7. *ਗਿਆਨੀ ਗੁਰਦਿੱਤ ਸਿੰਘ, ਮੇਰਾ ਪਿੰਡ, ਸਾਹਿੱਤ ਪ੍ਰਕਾਸ਼ਨ, ਚੰਡੀਗੜ੍ਹ, 1995, ਪੰਨਾ 364*
8. *ਰਛਪਾਲ ਸਿੰਘ ਗਿੱਲ (ਮੁੱਖ ਸੰਪਾਦਕ), ਪੰਜਾਬ ਕੋਸ਼ (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 883*
9. *ਡਾ. ਬਖ਼ਸ਼ੀਸ਼ ਸਿੰਘ, ਗੇਰੂਆ ਦੁੱਧ, (ਪੰਜਾਬ ਦੇ ਲੋਕ-ਗੀਤ), ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 2004, ਪੰਨਾ 23*
10. *ਉਹੀ, ਪੰਨਾ 23*
11. *ਉਹੀ, ਪੰਨਾ 23*
12. *ਡਾ. ਗੁਰਪ੍ਰੀਤ ਕੌਰ, ਪੀਲੂ ਰਚਿਤ ਮਿਰਜ਼ਾ ਸਾਹਿਬਾਂ ਪਾਠ ਤੇ ਵਿਸ਼ਲੇਸ਼ਣ, ਵਾਰਿਸ ਸ਼ਾਹ ਫਾਉਂਡੇਸ਼ਨ, 2003, ਅੰਮ੍ਰਿਤਸਰ, ਪੰਨੇ 107-110*



**Cite this Article-**

*ਡਾ.ਪਰਮਜੀਤ ਕੌਰ ਸਿੱਧੂ (Dr. Parmjeet Kaur Sidhu), ਜੰਡ: ਪ੍ਰਕ੍ਰਿਤਕ ਤੇ ਲੋਕਧਾਰਾਈ ਮਹੱਤਵ (Jand: Parkirtak ate Lokdharayee Mahatav), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 140-144.*

*Journal URL:* www.armaan.org.in

*DOI:* https://doi.org/10.64119/armaan.vol.4.issue1.26



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/